# ਪੰਜਾਬ ਨੂੰ ਸਿੱਖਿਆ ਪੱਖੋਂ ਮੋਹਰੀ ਸੂਬਾ ਬਣਾਇਆ ਜਾਵੇਗਾ : ਡਾ. ਉਪਿੰਦਰਜੀਤ ਕੌਰ

ਮੋਹਾਲੀ, 24 ਫਰਵਰੀ (ਵੀਨਾ ਰਾਜਪੂਤ) ਪੰਜਾਬ ਨੂੰ ਸਿੱਖਿਆ ਪੱਖੋਂ ਮੋਹਰੀ ਸੂਬਾ ਬਣਾਇਆ ਜਾਵੇਗਾ ਅਤੇ ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਦੌਰਾਨ ਵੱਖ-ਵੱਖ ਵਿਸ਼ਿਆਂ ਦੇ 29,000 ਅਧਿਆਪਕਾਂ ਦੀ ਭਰਤੀ ਪੂਰੀ ਪਾਰਦਰਸ਼ਤਾ ਨਾਲ ਮੈਰਿਟ ਦੇ ਅਧਾਰ ਤੇ ਕੀਤੀ ਹੈ ਅਤੇ 15 ਦਿਨਾਂ ਦੇ ਅੰਦਰ - ਅੰਦਰ 7654 ਹੋਰ ਅਧਿਆਪਕਾਂ ਦੀ ਭਰਤੀ ਦਾ ਕੰਮ ਮੁਕੰਮਲ ਕਰਕੇ ਨਿਯੁਕਤੀ ਪੱਤਰ ਵੰਡ ਦਿੱਤੇ ਜਾਣਗੇ। ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਡਾ. ਉਪਿੰਦਰਜੀਤ ਕੌਰ ਸਿੱਖਿਆ ਮੰਤਰੀ ਪੰਜਾਬ ਨੇ ਮਾਨਵ ਮੰਗਲ ਸਮਾਰਟ ਸਕੂਲ ਐਸ.ਏ.ਐਸ.ਨਗਰ ਵਿਖੇ ਜ਼ਿਲ੍ਹੇ ਦੇ ਬਿਹਤਰ ਕਾਰਗੁਜਾਰੀ ਦਿਖਾਉਣ ਵਾਲੇ 18 ਅਧਿਆਪਕਾਂ ਨੂੰ ਵਿਦਿਅਕ ਪ੍ਰਤਿਭਾ ਐਵਾਰਡਾਂ ਨਾਲ ਸਨਮਾਨਿਤ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ ।ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਨੇ 31,00 ਅਧਿਆਪਕਾਂ ਨੂੰ ਜਿੰਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਸਖ਼ਤ ਲੋੜ ਸੀ ਉੱਥੇ ਤੈਨਾਤ ਕੀਤਾ ਗਿਆ ਹੈ ਅਤੇ 550 ਵਿਅਕਤੀਆਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਗਈ ਹੈ। ਸਿੱਖਿਆ ਮੰਤਰੀ ਪੰਜਾਬ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ 192 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਹਨ 700 ਪ੍ਰਾਇਮਰੀ ਸਕੂਲਾਂ ਨੂੰ ਮਿਡਲ ਸਕੂਲ ਬਣਾਇਆ ਗਿਆ ਹੈ ਅਤੇ 70 ਮਿਡਲ ਸਕੂਲਾਂ ਨੂੰ ਹਾਈ ਸਕੂਲ ਦਾ ਦਰਜਾ ਦਿੱਤਾ ਗਿਆ ਹੈ। ਅਤੇ ਬਲਾਕ ਪੱਧਰ ਤੇ 21 ਨਵੇਂ ਮਾਡਲ ਸਕੂਲ ਖੋਲੇ ਜਾ ਰਹੇ ਹਨ ਜਿਨ੍ਹਾਂ ਤੇ 3 ਕਰੋੜ ਰੁਪਏ ਪ੍ਰਤੀ ਸਕੂਲ ਖਰਚ ਆਵੇਗਾ ਜਿੱਥੇ ਕਿ ਲੜਕੀਆਂ ਦੇ ਹੋਸਟਲ ਵੀ ਬਣਾਏ ਜਾਣਗੇ ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 13 ਨਵੇਂ ਕਾਲਜ ਹੋਰ ਖੋਲ੍ਹੇ ਜਾਣਗੇ। ਸਿੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਮੌਜੂਦਾ ਸਰਕਾਰ ਪੰਜਾਬ ਦੀ ਪਹਿਲੀ ਸਰਕਾਰ ਹੈ ਜਿਸ ਨੇ ਰਾਜ ਵਿੱਚ ਪਿੰਡ ਪੱਧਰ ਤੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਹੈ ਤਾਂ ਜੋ ਰਾਜ ਸਿੱਖਿਆ ਪੱਖੋਂ ਮੋਹਰੀ ਸੂਬਾ ਬਣ ਸਕੇ।

# ਵਧਦੀ ਮਹਿੰਗਾਈ ਲਈ ਕੇਂਦਰ ਸਰਕਾਰ ਜ਼ਿੰਮੇਵਾਰ-ਮਜੀਠੀਆ

ਲੁਧਿਆਣਾ, 24 ਫਰਵਰੀ (ਰਾਜ ਜੋਸ਼ੀ)- ਸ. ਬਿਕਰਮ ਸਿੰਘ ਮਜੀਠੀਆ ਐਮ.ਐਲ.ਏ. ਅਤੇ ਸਾਬਕਾ ਮੰਤਰੀ ਪੰਜਾਬ ਨੇ ਕੇਂਦਰ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਮਹਿੰਗਾਈ ਦੇ ਮੁੱਦੇ ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਸ. ਮਜੀਠੀਆ ਅੱਜ ਇਥੇ ਹੋਟਲ ਮਹਾਰਾਜਾ ਰਿਜੈਂਸੀ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ। ਸ. ਮਜੀਠੀਆ ਨੇ ਕਿਹਾ ਕਿ ਜਦੋਂ ਕੇਂਦਰ ਵਿਚ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਐਨ.ਡੀ.ਏ. ਦੀ ਸਰਕਾਰ ਸੀ, ਤਾਂ ਉਸ ਸਮੇ ਮਹਿੰਗਾਈ ਦੀ ਦਰ ਸਿਰਫ 2.75 ਫੀਸਦੀ ਸੀ, ਜਦ ਕਿ ਹੁਣ ਯੂ.ਪੀ.ਏ. ਦੀ ਕੇਂਦਰ ਸਰਕਾਰ ਸ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਮਹਿੰਗਾਈ ਦੀ ਦਰ 9 ਫੀਸਦੀ ਤੇ ਪੁੱਜ ਚੁੱਕੀ ਹੈ। ਉਹਨਾ ਕਿਹਾ ਕਿ ਯੂ.ਪੀ.ਏ. ਦੀ ਚੇਅਰਪਰਸਨ ਸ਼੍ਰੀਮਤੀ ਸੋਨੀਆਂ ਗਾਂਧੀ ਅਤੇ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਕੇਂਦਰੀ ਸਰਕਾਰ ਆਮ ਆਦਮੀ ਨੂੰ ਰਾਹਿਤ ਦੇਣ ਦੀ ਗੱਲ ਕਰਦੇ ਹਨ, ਪਰ ਇਹਨਾਂ ਦੇ ਰਾਜ ਵਿਚ ਖਾਣ-ਪੀਣ ਵਾਲੀਆਂ ਸਾਰੀਆਂ ਵਸਤੂਆਂ ਦੇ ਰੇਟ ਅਸਮਾਨ ਤੱਕ ਪੁੱਜ ਚੁੱਕੇ ਹਨ, ਜੋ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਉਹਨਾ ਕਿਹਾ ਕਿ ਹੁਣ ਇਹਨਾਂ ਨੂੰ ਸਰਕਾਰ ਵਿਚ ਰਹਿਣ ਦਾ ਕੋਈ ਅਧਿਕਾਰ ਨਹੀ ਹੈ, ਇਸ ਲਈ ਇਹਨਾਂ ਨੂੰ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ। ਉਹਨਾ ਕਿਹਾ ਕਿ ਆਮ ਆਦਮੀ, ਮਜ਼ਦੂਰ ਇਥੋ ਤੱਕ ਕਿ ਕਿਸਾਨਾਂ ਨਾਲ ਵੀ ਬੇਇਨਸਾਫੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਖਾਦਾਂ ਤੇ ਸਬਸਿਡੀ ਖਤਮ ਕਰਨ ਦੇ ਬਹਾਨੇ ਖਾਦਾਂ ਦੇ ਰੇਟ 10 ਫੀਸਦੀ ਵਧਾ ਦਿੱਤੇ ਗਏ ਹਨ ਜਿਸ ਨਾਲ ਕਿਸਾਨਾਂ ਤੇ ਲਗਭੱਗ 200 ਕਰੋੜ ਰੁਪਏ ਦਾ ਬੋਝ ਪਵੇਗਾ।

# ਕੰਮ ਜਲਦੀ ਸ਼ੁਰੂ ਹੋਵੇ-ਅੱਗਰਵਾਲ

ਸ਼ਾਹਪੁਰ ਕੰਢੀ 24 ਫਰਵਰੀ (ਜੰਡੀਰ, ਧਵਨ, ਜਸ਼ੋਦਰ)-ਰਣਜੀਤ ਸਾਗਰ ਡੈਮ ਦੀ ਦੂਸਰੀ ਇਕਾਈ ਸ਼ਾਹਪੁਰ ਕੰਢੀ ਡੈਮ ਬੈਰਾਜ ਦਾ ਕੰਮ ਜਲਦੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ। ਕੇਂਦਰ ਵੱਲੋਂ ਮਨਜ਼ੂਰੀ ਮਿਲਦੇ ਹੀ ਇਸ ਡੈਮ ਦਾ ਨਿਰਮਾਣ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਸ਼ਬਦ ਪੰਜਾਬ ਸਰਕਾਰ ਦੇ ਮੁੱਖ ਸਕੱਤਰ ਐੱਸ.ਸੀ. ਅੱਗਰਵਾਲ ਨੇ ਸ਼ਾਹਪੁਰ ਕੰਢੀ ਡੈਮ ਬਰਾਜ ਦਾ ਦੌਰਾ ਕਰਨ ਤੋਂ ਬਾਅਦ ਹੀ ਰਣਜੀਤ ਸਾਗਰ ਡੈਮ ਦਾ ਸਹੀ ਲਾਭ ਪ੍ਰਾਪਤ ਕੀਤਾ ਜਾ ਸਕੇਗਾ ਅਤੇ ਸਿੰਚਾਈ ਲਈ ਪਾਣੀ ਵੀ ਨਹਿਰਾਂ ਨੂੰ ਸਹੀ ਮਾਤਰਾ ਵਿੱਚ ਸਪਲਾਈ ਹੋ ਸਕੇਗਾ। ਇਸ ਮੌਕੇ ਐੱਸ.ਡੀ.ਐੱਮ. ਧਾਰ ਕਲਾਂ, ਚਰਨ ਸਿੰਘ ਮਾਨ, ਏ.ਡੀ.ਸੀ.,ਰਾਮਦਾਸ, ਐੱਸ.ਡੀ.ਐੱਮ. ਪਠਾਨਕੋਟ, ਸੁਖਮਿੰਦਰ ਸਿੰਘ, ਮੁੱਖ ਇੰਜੀਨੀਅਰ ਸ੍ਰ. ਹਰਵਿੰਦਰ ਸਿੰਘ ਨਿਗਰਾਨ ਇੰਜੀਨੀਅਰ ਆਰ.ਐੱਲ. ਅਰੋੜਾ, ਆਰ.ਐੱਲ. ਮਿਤਲ, ਸਿਵਲ ਸਰਜਨ ਹਰਜੀਤ ਸਿੰਘ, ਡੀ.ਐੱਸ.ਪੀ. ਕਰਮ ਚੰਦ ਤੋਂ ਇਲਾਵਾ ਹੋਰ ਉੱਚ ਅਧਿਕਾਰੀ ਹਾਜ਼ਰ ਸਨ।

# ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਿਆ



ਕੁਹਾੜਾ 24 ਫ਼ਰਵਰੀ (ਗੁਰਨਾਮ) ਨਜਦੀਕੀ ਪਿੰਡ ਭੈਣੀ ਕੀਮਾ ਵਿਖੇ ਗੁਰਦੁਆਰਾ ਸਾਹਿਬ ਦੀ ਨਵੀ ਇਮਾਰਤ ਦੀ ਨੀਹ ਸੰਤ ਬਾਬਾ ਮੇਜਰ ਸਿੰਘ ਪੰਜ ਭੈਣੀਆਂ ਵਾਲਿਆਂ ਨੇ ਰੱਖੀ। ਇਸ ਤੋ ਪਹਿਲਾ ਅਨੰਦ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਪਿੰਡ ਵਾਸੀਆਂ ਤੇ ਸੱਜਣਾ ਨੇ ਇਸ ਕਾਰਜ 'ਚ ਵੱਧ ਚੜ੍ਹਕੇ ਦਾਨ ਕੀਤਾ। ਇਸ ਮੌਕੇ ਗੁਰਦੁਆਰਾ ਦੀ ਪ੍ਰਧਾਨ ਬਲਵੀਰ ਕੌਰ, ਮਲਕੀਤ ਕੌਰ ਨਸੀਬ ਕੌਰ, ਪਿੰਡ ਦੇ ਸਰਪੰਚ ਗੁਰਦੀਪ ਸਿੰਘ ਗਿਆਨੀ, ਸੁਰਿੰਦਰ ਸਿੰਘ, ਬਲਦੇਵ ਸਿੰਘ, ਜਗਦੇਵ ਸਿੰਘ, ਮਨਜੀਤ ਸਿੰਘ, ਸੁਰਜੀਤ ਸਿੰਘ, ਨਿਹਾਲ ਸਿੰਘ, ਗੁਰਨਾਮ ਸਿੰਘ, ਕਰਮਜੀਤ ਸਿੰਘ, ਪਰਮਜੀਤ ਸਿੰਘ ਹਾਜਰ ਸਨ।

# ਹੋਲਾ ਮੁਹੱਲਾ ਮਨਾਉਣ ਲਈ ਤਿਆਰੀਆਂ ਜਾਰੀ

## ਅਖੰਡ ਪਾਠ ਦੇ ਭੋਗ ਇੱਕ ਮਾਰਚ ਨੂੰ ਪੈਣਗੇ

ਫਿਰੋਜ਼ਪੁਰ, 24 ਫਰਵਰੀ (ਜੀ.ਐੱਸ. ਕਾਲੜਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦੁਆਰਾ ਕਰਮਸਰ ਸਾਹਿਬ ਝੋਕ ਹਰੀਹਰ ਫਿਰੋਜ਼ਪੁਰ ਵਿਖੇ ਜੋੜ ਮੇਲਾ ਹੋਲਾ ਮੁਹੱਲਾ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਸਦਕਾ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਦੀ ਜਾਣਕਾਰੀ ਸੰਤ ਅਵਤਾਰ ਸਿੰਘ ਜੀ ਨੇ ਦਿੱਤੀ। ਉਨ੍ਹਾਂ ਦੱਸਿਆ ਕਿ 27 ਫਰਵਰੀ ਸ਼ਨੀਵਾਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਪਾਠ ਰੱਖੇ ਜਾਣਗੇ। ਜਿਨ੍ਹਾਂ ਦੇ ਭੋਗ 1 ਮਾਰਚ ਸੋਮਵਾਰ ਨੂੰ ਪਾਏ ਜਾਣਗੇ। ਭੋਗ ਉਪਰੰਤ ਦੀਵਾਨ ਸਜਣਗੇ। ਸਤਿਕਾਰਯੋਗ ਮਹਾਂਪੁਰਸ਼ ਅਤੇ ਹੋਰ ਰਾਗੀ ਢਾਡੀ ਜਥੇ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਹੋਲੇ ਮੁਹੱਲਾ ਦੀ ਮਹੱਤਤਾ ਬਾਰੇ ਚਾਨਣਾ ਪਾਉਣਗੇ। ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਤਿਆਗ, ਸਾਬਤ ਸੂਰਤ ਦਸਤਾਰ ਸਿਰਾ, ਖੰਡੇ ਦੀ ਪਾਹੁਲ, ਇਕਾ ਬਾਣੀ ਇੱਕਾ ਗੁਰੂ ਇੱਕੋ ਸ਼ਬਦ ਵੀਚਾਰੁ, ਪੰਥਕ ਏਕਤਾ, ਹੋਇ ਇਕੱਤਰ ਮਿਲਹੁ ਮੇਰੇ ਭਾਈ, ਦੰਭ ਪਖੰਡ ਨੂੰ ਅਲਵਿਦਾ, ਬਾਣੀ ਬਾਣੇ ਵਿੱਚ ਪ੍ਰਪੱਕ, ਪ੍ਰਚਾਰ ਦੀ ਅਰੰਭਤਾਈ ਆਪੋ ਆਪਣੇ ਘਰ ਤੋਂ ਸ਼ੁਰੂ, ਸਮੁੱਚੀ ਕੌਮ ਨਿਸ਼ਾਨ ਸਾਹਿਬ ਹੇਠ ਇਕੱਤਰ ਹੋਵੇ, ਰੋਮਾਂ ਦੀ ਬੇਅਦਬੀ, ਟੋਪੀ ਕਲਚਰ, ਕਬਰਾਂ ਦੀ ਉਪਾਸਨਾ, ਮਨ ਮਤਿ, ਅਸ਼ਲੀਲਤਾ ਦੇ ਸੱਭਿਆਚਾਰ ਮੇਲੇ, ਸਰਵਨੀ ਇਹ ਨਾ ਸੁਣਾਏ ਦਾ ਸਦਾ ਵਾਸਤੇ ਤਿਆਗ, ਪੰਥ ਕੀ ਜੀਤ, ਦੇਗਤੇਗ ਫਤਿਹ ਦੇ ਧਾਰਨੀ ਹੋਣਾ ਚਾਹੀਦਾ ਹੈ। ਸੰਤ ਅਵਤਾਰ ਸਿੰਘ ਜੀ ਨੇ ਅੱਗੇ ਦੱਸਿਆ ਕਿ ਗੁਰਦੁਆਰਾ ਕਰਮਸਰ ਸਾਹਿਬ ਦੀ ਵਿਸ਼ਾਲ ਛੇ ਮੰਜ਼ਲੀ ਇਮਾਰਤ, ਦਰਸ਼ਨੀ ਡਿਓੜੀ, ਹਰੀ ਨਰਾਇਣ ਨਿਵਾਸ ਸਰਾਂ, ਸਰੋਵਰ ਵਿੱਚ ਪੱਥਰ ਲੱਗਣ ਦੀ ਕਾਰ ਸੇਵਾ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ। ਸੰਗਤਾਂ ਵੱਧ ਚੜ੍ਹ ਕੇ ਇਸ ਸੇਵਾ ਵਿੱਚ ਹਿੱਸਾ ਪਾਉਣ ਅਤੇ ਆਪਣੀ ਕਮਾਈ ਨੂੰ ਸਫਲ ਬਣਾਉਣ। ਇਸ ਪਵਿੱਤਰ ਜੱਗਾਂ ਤੇ ਬੇਅੰਤ ਮਹਾਂਪੁਰਸ਼ਾਂ ਨੇ ਕਠਿਨ ਤੱਪ ਸਾਧੇ ਹਨ। ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਕੇ ਸਮਾਗਮ ਵਿੱਚ ਆਉਣਾ ਮਨ੍ਹਾ ਹੈ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਵਿਦਾਸ ਬਾਣੀ ਹੀ ਪ੍ਰਮਾਣਿਕ ਹੈ-ਡਾ. ਸਾਬਰ

ਅੰਮ੍ਰਿਤਸਰ, 24 ਫਰਵਰੀ (ਮੋਤਾ ਸਿੰਘ)-ਪ੍ਰਸਿੱਧ ਵਿਦਵਾਨ ਡਾ. ਜਸਬੀਰ ਸਿੰਘ ਸਾਬਰ ਨੇ ਆਪਣੇ ਇੱਕ ਲਿਖਤੀ ਬਿਆਨ ਵਿੱਚ ਡੇਰਾ ਸੱਚਖੰਡ ਬਲਾਂ ਵੱਲੋਂ ਇੱਕ ਵੈਬਸਾਈਟ "ਟੈਕਸਟ ਆਫ ਅੰਮ੍ਰਿਤ ਬਾਣੀ" ਤੇ ਦਿੱਤੀ ਜਾ ਰਹੀ ਸੂਚਨਾ ਨੂੰ ਨਕਾਰਦਿਆਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਇਸ ਗ੍ਰੰਥ ਦੀ ਤਿਆਰੀ ਨਾਲ ਕੋਈ ਸਰੋਕਾਰ ਨਹੀਂ ਅਤੇ ਉਹ ਰਵਿਦਾਸ ਜੀ ਦੀ ਬਾਣੀ ਦੇ ਉਨ੍ਹਾਂ 40 ਸ਼ਬਦਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੇ ਹੋਏ ਹਨ। ਡਾ. ਸਾਬਰ ਨੇ ਅੱਗੇ ਚੱਲ ਕੇ ਹੋਰ ਦੱਸਿਆ ਕਿ ਉਨ੍ਹਾਂ ਨੇ ਦੇਸ਼ ਦੇ ਵੱਖ-ਵੱਖ ਸਥਾਨਾਂ ਤੇ ਪਏ 200 ਦੇ ਲੱਗਭੱਗ ਹੱਥ ਲਿਖਤ ਖਰੜੇ ਵੇਖੇ ਵਿਚਾਰੇ ਹਨ, ਪਰ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਪ੍ਰਮਾਣਿਕ ਮੰਨਣਾ ਸੰਭਵ ਨਹੀਂ, ਜਿਸ ਬਾਰੇ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਤ ਭਗਤ ਰਵੀਦਾਸ ਸਰੋਤ ਪੁਸਤਕ ਦੇ ਪੰਨਾ ਨੰ 308-9 ਉੱਤੇ ਸਪੱਸ਼ਟੀਕਰਨ ਦਿੱਤਾ ਹੋਇਆ ਹੈ। ਡਾ. ਸਾਬਰ ਨੇ ਵਿਵਾਦਗ੍ਰਸਤ ਨਵੇਂ ਗ੍ਰੰਥ ਬਾਰੇ ਟਿੱਪਣੀ ਕਰਦਿਆਂ ਦੱਸਿਆ ਕਿ ਡੇਰਾ ਬਲਾਂ ਦਾ ਇਹ ਕਦਮ ਰਵਿਦਾਸੀ ਸਮੂਦਾਏ ਨੂੰ ਮੁੜ ਕੇ ਬ੍ਰਾਹਮਣੀ ਕਰਮਕਾਡਾਂ ਵੱਲ ਲਿਜਾਉਣ ਦੀ ਡੂੰਘੀ ਸਾਜਿਸ਼ ਹੈ, ਜੋ ਸਵਰਗੀ ਸੰਤ ਰਾਮਾਨੰਦ ਜੀ ਦੇ ਜੀਵਨ ਕਾਲ ਵਿੱਚ ਸਿਰੇ ਨਹੀਂ ਸੀ ਚੜ੍ਹ ਸਕੀ। ਡਾ. ਸਾਬਰ ਨੇ ਹੋਰ ਦੱਸਿਆ ਕਿ 1991-92 ਵਿੱਚ ਵੀ ਦਿੱਲੀ ਦੇ ਕੁੱਝ ਲੋਕਾਂ ਨੇ ਜਿਨ੍ਹਾਂ ਵਿੱਚ ਸ੍ਰੀ ਜੱਸਲ ਤੇ ਸ੍ਰੀ ਹੀਰ ਮੋਹਰੀ ਸਨ, ਨੇ ਵੀ ਇੱਕ ਅਜਿਹਾ ਹੀ ਗ੍ਰੰਥ ਤਿਆਰ ਕੀਤਾ ਸੀ, ਜਿਸ ਨੂੰ ਉਸ ਵੇਲੇ ਦੀਆਂ ਸੰਗਤਾਂ ਨੇ ਮੁੱਖ ਮਹਿਮਾਨ ਕੇਂਦਰੀ ਮੰਤਰੀ ਸ੍ਰੀ ਐੱਚ.ਕੇ. ਐੱਲ ਭਗਤ ਦੀ ਮੌਜੂਦਗੀ ਸਮੇਂ ਭਰੇ ਦੀਵਾਨ ਵਿੱਚ ਅਪ੍ਰਮਾਣਿਕ ਮੰਨਦਿਆਂ ਲੀਰੋ ਲੀਰ ਕਰ ਦਿੱਤਾ ਸੀ ਕਿਉਂਕਿ ਮੈਂ ਅਤੇ ਡਾ. ਕਲੇਰ ਨੇ ਉਸ ਵਿੱਚ ਬਹੁਤ ਸਾਰੀਆਂ ਉਹ ਰਚਨਾਵਾਂ ਦੱਸੀਆਂ ਜੋ ਰਵਿਦਾਸ ਜੀ ਦੇ ਨਾਮ ਤੇ ਸ਼ਾਮਲ ਕੀਤੀਆਂ ਗਈਆਂ ਸਨ, ਪਰ ਰਵਿਦਾਸ ਜੀ ਦੇ ਜੀਵਨ ਤੇ ਵਿਚਾਰਧਾਰਾ ਦੇ ਉਲਟ ਗੁੰਮਰਾਹ ਕਰਨ ਵਾਲੀਆਂ ਸਨ। ਸੰਭਵ ਹੈ ਕਿ ਮੌਜੂਦਾ ਡੇਰਾ ਬਲਾਂ ਵੱਲੋਂ ਤਿਆਰ ਕੀਤਾ ਗਿਆ ਗ੍ਰੰਥ ਉਹੋ ਹੀ ਹੋਵੇ ਕਿਉਂਕਿ ਇਸ ਗਥ ਨੂੰ ਰਵੀਦਾਸ ਸਾਧੂ ਸੰਤਾਂ ਅਤੇ ਵਿਦਵਾਨਾਂ ਵੱਲੋਂ ਨਾ ਤਾਂ ਮਾਨਤਾ ਹੀ ਦਿੱਤੀ ਗਈ ਹੈ ਅਤੇ ਨਾ ਹੀ ਪ੍ਰਵਾਨ ਕੀਤਾ ਗਿਆ ਹੈ।

# ਦੋ ਰੋਜ਼ਾ ਕਬੱਡੀ ਟੂਰਨਾਮੈਂਟ ਕਰਵਾਇਆ

ਮਾਨਸਾ 24 ਫਰਵਰੀ ( ਤਰਸੇਮ ਫਰੰਡ )-ਮਾਨਸਾ ਜਿਲ੍ਹੇ ਦੇ ਪਿੰਡ ਮਘਾਣੀਆਂ ਵਿਖੇ ਦੋ ਦਿਨਾਂ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ 65 ਕਿਲੋ ਵੇਟ ਵਿੱਚ ਫਰਵਾਹੀ ਫਸਟ ਬੱਪੀਆਣਾ ਸੈਕਿੰਡ 56 ਕਿਲੋ ਵਿੱਚ ਮਘਾਣੀਆਂ ਫਸਟ ਸੈਕਿੰਡ ਕੁਲਰੀਆਂ 50 ਕਿਲੋ ਵਿੱਚ ਕੁਲਰੀਆਂ ਫਸਟ ਸੈਕਿੰਡ ਬਲਰਾ 45 ਕਿਲੋ ਵਿੱਚੋ ਭਾਦਸੋ ਫਸਟ ਲਾਲਿਆਂਵਾਲੀ ਸੈਕਿੰਡ 100 ਮੀਟਰ ਰੇਸ ਵਿੱਚ ਯਾਦਵਿੰਦਰ ਸਿੰਘ ਸੱਦੇਵਾਲਾ ਫਸਟ ਲੰਬੀ ਛਾਲ ਵਿੱਚ ਗੋਬਿੰਦ ਬੋਹਾ ਫਸਟ ਰਿਹਾ ਇਸ ਟੂਰਨਾਮੈਂਟ ਵਿੱਚ 100 ਦੇ ਕਰੀਬ ਕਬੱਡੀ ਟੀਮਾ ਨੇ ਭਾਗ ਲਿਆ। ਇਸ ਮੌਕੇ ਸਬੋਧਨ ਕਰਦਿਆ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਬਲਮ ਸਿੰਘ ਕਲੀਪੁਰ, ਸਾਬਕਾ ਸਰਪੰਚ ਗੁਰਸੇਵਕ ਸਿੰਘ, ਦਰਸ਼ਨ ਸਿੰਘ ਸੈਕਟਰੀ, ਸਰਪੰਚ ਦਰਸ਼ਨ ਸਿੰਘ ਮਘਾਣੀਆਂ , ਕਾਗਰਸੀ ਆਗੂ ਰਣਜੀਤ ਸਿੰਘ ਦੋਦੜਾ ਆਦਿ ਆਗੂਆ ਨੇ ਕਿਹਾ ਕਿ ਮਾਂ ਖੇਡ ਕਬੱਡੀ ਨੂੰ ਜਿਉਂਦਾ ਰੱਖਣਾਂ ਬਹੁਤ ਜਰੂਰੀ ਹੈ ਇਸ ਨਾਲ ਨੌਜਵਾਨ ਪੀੜੀ ਵਿੱਚ ਜੋਸ਼ ਭਰਦਾ ਹੋ ਅਤੇ ਉਹ ਨਸ਼ਿਆ ਤੋਂ ਦੂਰ ਹੁੰਦੀ ਹੈ ਲੋਕਾਂ ਵਿੱਚ ਆਪਸੀ ਪਿਆਰ ਅਤੇ ਭਾਈਚਾਰਾ ਕਾਇਮ ਰਹਿੰਦਾ ਹੈ ਨੌਜਵਾਨ ਪੀੜੀ ਨੂੰ ਚਾਹੀਦਾ ਹੈ ਕਿ ਉਹ ਨਸ਼ਿਆ ਤੋਂ ਦੂਰ ਰਹਿਕੇ ਖੇਡਾ ਵੱਲ ਪ੍ਰੇਰਿਤ ਹੋਣ ਪਿੰਡਾ ਦੇ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਪਾਰਟੀਬਾਜੀ ਤੋਂ ਉਪਰ ਉਠਕੇ ਖਿਡਾਰੀਆਂ ਨੂੰ ਟੂਰਨਾਮੈਂਟ ਕਰਵਾਉਣ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਦੇਣ ਜਿਸ ਨਾਲ ਨੌਜਵਾਨ ਵਰਗ ਉਤਸ਼ਾਹ ਹੋਵੇ । ਇਸ ਮੌਕੇ ਕਲੱਬ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ ਨੇ ਆਪਣੇ ਸਬੋਧਨ ਵਿੱਚ ਪੰਜਾਬ ਭਰ ਚੋਂ ਆਏ ਨੌਜਵਾਨ ਖਿਡਾਰੀਆਂ ਦਾ ਧੰਨਵਾਦ ਕੀਤਾ ਅਤੇ ਹੋਰ ਪਤਿਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਜੇਤੂ ਟੀਮ ਦੇ ਖਿਡਾਰੀਆਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਕਬੱਡੀ ਵੱਲ ਪ੍ਰੇਰਿਤ ਹੋਣਾ ਚਾਹੀਦਾ ਹੈ ।

# ਆਮ ਆਦਮੀ ਦਾ ਸਿਪਾਹੀ ਮੁਹਿੰਮ ਨੂੰ ਜ਼ੀਰਾ ਵਿਖੇ ਮਿਲਿਆ ਭਰਵਾਂ ਹੁੰਗਾਰਾ

ਜ਼ੀਰਾ, 24 ਫਰਵਰੀ (ਤਰਸੇਮ)- ਸ਼੍ਰੀ ਰਾਹੁਲ ਗਾਂਧੀਆ ਜਨਰਲ ਸਕੱਤਰ ਆਲ ਇੰਡੀਆ ਕਾਂਗਰਸ ਤੇ ਰਵਨੀਤ ਬਿੱਟੂ ਦੀਆ ਹਦਾਇਤਾਂ ਨੇ ਜੋ ਆਮ ਆਮ ਆਦਮੀ ਦਾ ਸਿਪਾਹੀ ਮਹਿੰਮ ਚਲਾਈ ਹੈ ਉਸਨੂੰ ਪੰਜਾਬ ਵਿੱਚ ਚਲਾਇਆ ਜਾ ਰਿਹਾ ਹੈ ਨੂੰ ਪੰਜਾਬ ਦੀ ਜਨਤਾ ਵੱਲੋ ਬੜਾ ਭਰਵਾ ਹੁੰਗਾਰਾ ਮਿਲਿਆ ਹੈ । ਇਹਨਾ ਸ਼ਬਦਾ ਦਾ ਪ੍ਰਗਟਾਵਾ ਕੁਲਬੀਰ ਸਿੰਘ ਜ਼ੀਰਾ ਜਰਨਲ ਸਕੱਤਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਜ਼ੀਰਾ ਵਿਖੇ ਪਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ । ਉਹਨਾਂ ਕਿਹਾ ਪੰਜਾਬ ਸਰਕਾਰ ਦਾ ਦੀਵਾਲਾ ਨਿਕਲ ਚੁਕਾ ਹੈ ਤੇ ਸਰਕਾਰ ਹੁਣ ਸਰਕਾਰੀ ਜਮੀਨਾ ਵੇਚ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ । ਤੇ ਲੋਕ ਆਪਣਾ ਰੋਸ਼ ਪ੍ਰਗਟ ਕਰਨ ਲਈ ਸੜਕਾਂ ਤੇ ਆ ਗਏ ਹਨ ਤੇ ਜਿਸ ਨਾਲ ਅਕਾਲੀ ਭਾਜਪਾ ਸਰਕਾਰ ਬੇਕਾਬੂ ਹੋ ਚੁੱਕੀ ਹੈ। ਜਿਸ ਨਾਲ ਰੋਜ਼ਾਨਾ ਕਤਲੇਆਮ , ਦੰਗੇ ਹੋ ਰਹੇ ਹਨ ਤੇ ਬੇਰੁਜ਼ਗਾਰਾਂ ਜਾਨਾਂ ਦੇ ਰਹੇ ਹਨ । ਉਹਨਾਂ ਦੱਸਿਆ ਕਿ ਆਮ ਆਦਮੀ ਸਿਪਾਹੀ ਮੁਹਿੰਮ ਦੌਰਾਨ ਇਹ ਸਾਹਮਣੇ ਆ ਰਹੀ ਹੈ ਕਿ ਲੋਕ ਇਸ ਸਰਕਾਰ ਤੋ ਪਰੀ ਤਰ੍ਹਾਂ ਦੁੱਖੀ ਹਨ ਅਤੇ ਇਸ ਅਕਾਲੀ ਭਾਜਪਾ ਸਰਕਾਰ ਦਾ ਬਿਸਤਰਾਂ ਗੋਲ ਕਰਨਾ ਚਾਹੁੰਦੇ ਹਨ । ਇਸ ਸਮੇ ਉਹਨਾਂ ਦੇ ਨਾਲ ਅਸ਼ੋਕ ਕਥੂਰੀਆ ਬਲਾਕ ਪ੍ਰਧਾਨ ਕਾਂਗਰਸ , ਤਾਰਾ ਚੰਦ ਨਰੂਲਾ , ਗੁਰਮੇਲ ਸਿੰਘ ਸਾਬਕਾ ਸਰਪੰਚ , ਹਰੀਸ਼ ਤਾਂਗੜਾ , ਗਿੰਨੀ ਸੋਢੀਵਾਲਾ ਬਲਵਿੰਦਰ ਗਿੱਲ ਆਦਿ ਹਾਜ਼ਰ ਸਨ ।

# ਸਕੂਲਾਂ ਵਿੱਚ ਮਸ਼ਾਲ ਰੈਲੀ ਦਾ ਭਰਵਾਂ ਸਵਾਗਤ

ਬੁੱਲ੍ਹੋਵਾਲ, 24 ਫਰਵਰੀ (ਪ.ਪ.)- ਸਰਬ ਸਿੱਖਿਆ ਅਭਿਆਨ ਪੰਜਾਬ ਵੱਲੋਂ ਜਾਗਰੂਕਤਾ ਮਿਸਾਲ ਰੈਲੀ ਦਾ ਬਲਾਕ ਬੁੱਲ੍ਹੋਵਾਲ ਪਹੁੰਚਣ 'ਤੇ ਵੱਖ-ਵੱਖ ਪਿੰਡਾਂ ਦੇ ਸਕੂਲਾਂ, ਪਸਵਕ ਕਮੇਟੀਆਂ, ਸਕੂਲ ਮੁਖੀਆਂ ਅਧਿਆਪਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਚੇਤਨਾ ਮਸ਼ਾਲ ਰੈਲੀ ਦਾ ਬਲਾਕ ਬੁੱਲ੍ਹੋਵਾਲ ਦੇ ਸਕੂਲ ਰਾਮਪੁਰ ਵਿੱਚ ਪਹੁੰਚਣ 'ਤੇ ਬਲਾਕ ਸਿੱਖਿਆ ਅਫਸਰ ਮੈਡਮ ਭੁਪਿੰਦਰ ਕੌਰ ਨੇ ਕਿਹਾ ਕਿ ਇਸ ਮਸ਼ਾਲ ਰੈਲੀ ਦਾ ਮੁੱਖ ਮੰਤਵ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਨੂੰ ਵਧਾਉਣਾ, ਪੰਜਾਬੀ ਲਿਖੋ, ਪੰਜਾਬੀ ਬੋਲੋ ਅਤੇ ਪੰਜਾਬੀ ਪੜ੍ਹੋ ਦੇ ਨਾਹਰੇ ਨੂੰ ਘਰ-ਘਰ ਪਹੁੰਚਾਉਣਾ ਹੈ। ਇਹ ਮਸ਼ਾਲ ਰੈਲੀ ਰਾਮਪੁਰ ਤੋਂ ਚੱਲ ਕੇ ਧੂਤਾਂ, ਨੈਣੋਵਾਲ, ਨੰਗਲ, ਬੂਰੇ ਜੱਟਾਂ, ਖਡਿਆਲਾ, ਬੁੱਲ੍ਹੋਵਾਲ, ਆਲੋਵਾਲ, ਪੰਡੋਰੀ, ਮਾਇਲ, ਧਾਲੀਵਾਲ, ਮਿਰਜ਼ਾਪੁਰ, ਹੁਸੈਨਪੁਰ, ਡਡਿਆਣਾ ਵਿਖੇ ਪਹੁੰਚੀ, ਜਿੱਥੇ ਭੂੰਗਾਂ ਬਲਾਕ ਦੇ ਅਧਿਕਾਰੀਆਂ ਨੂੰ ਸੌਂਪ ਦਿੱਤੀ ਗਈ। ਇਸ ਰੈਲੀ ਵਿੱਚ ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਸ੍ਰ. ਸੁਰਿੰਦਰ ਸਿੰਘ ਢੱਡਾ, ਗੁਰਵਿੰਦਰ ਸਿੰਘ ਰਾਣਾ, ਸੁਰਿੰਦਰ ਸਿੰਘ, ਹਰਜਾਪ ਸਿੰਘ, ਅਜਿੰਦਰ ਸਿੰਘ ਬਿੱਲੂ, ਕੁਲਵਿੰਦਰ ਕੌਰ, ਜਸਵੀਰ ਕੌਰ, ਮਨਜੀਤ ਸਿੰਘ, ਸੰਤੋਖ ਕੌਰ ਅਤੇ ਹੈੱਡ ਟੀਚਰ ਸੁਰਜੀਤ ਕੁਮਾਰ ਦੀ ਅਗਵਾਈ ਹੇਠ ਸਕੂਲੀ ਬੱਚਿਆਂ ਵੱਲੋਂ ਝੰਡੀਆਂ ਤੇ ਰਾਸ਼ਟਰੀ ਝੰਡਾ ਲਹਿਰਾ ਕੇ ਸਵਾਗਤ ਕੀਤਾ।

# ਧਰਮਾਂ ਨਾਲ ਹੋ ਰਹੀ ਛੇੜ-ਛਾੜ ਘਾਤਕ

ਫਿਰੋਜ਼ਪੁਰ, 24 ਫਰਵਰੀ (ਮਨੋਹਰ ਲਾਲ, ਸੀਮਾ ਠਾਕੁਰ)- ਪੀਪਲਜ਼ ਪੀਸ ਪ੍ਰੋਟੈਕਸ਼ਨ ਪਾਰਟੀ ਦੇ ਮੋਢੀ ਸ੍ਰ. ਬਲਵੀਰ ਸਿੰਘ ਅਨਮੋਲ ਨੇ ਦੇਸ਼ ਵਿੱਚ ਵਾਪਰ ਰਹੀਆਂ ਦੁਖਦਾਈ ਦੁਰਘਟਨਾਵਾਂ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਪਿਛਲੇ ਦਿਨੀਂ ਪ੍ਰਭੂ ਯਸ਼ੂ ਮਸੀਹ ਦੀ ਫੋਟੋ ਨਾਲ ਕੀਤੀ ਗਈ ਕੋਝੀ ਸ਼ਰਾਰਤ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ, ਉਹ ਬਹੁਤ ਘੱਟ ਹੈ। ਸ੍ਰ. ਅਨਮੋਲ ਸਿੰਘ ਨੇ ਕਿਹਾ ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਨਾਲ ਵੀ ਜੋ ਪਾਕਿਸਤਾਨ ਵਿੱਚ ਮਾੜੀ ਘਟਨਾ ਹੋਈ ਹੈ, ਇਹ ਵਹਿਸ਼ਿਆਨਾ ਤੇ ਕਮਜ਼ੋਰ ਦਿਲੀ ਦਾ ਪ੍ਰਗਟਾਵਾ ਹੈ। ਸਾਡੀ ਸਰਕਾਰ ਪਾਕਿਸਤਾਨੀ ਸਰਕਾਰ 'ਤੇ ਦਬਾਅ ਪਾ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਵੇ।



ਬੀ.ਐਸ.ਐਨ.ਐਲ. ਦੇ ਦਫ਼ਤਰ ਫਿਰੋਜ਼ਪੁਰ ਛਾਉਣੀ ਵਿਖੇ ਲੱਕੀ ਡਰਾਅ ਕੱਢਦੇ ਹੋਏ ਡੀ.ਆਈ.ਜੀ. ਸ੍ਰੀ ਰਾਜੇਸ਼ ਗੁਪਤਾ ਅਤੇ ਜਨਰਲ ਮੈਨੇਜਰ ਚੰਦਰ ਹਾਸ, ਬੀ.ਐਸ.ਐਨ.ਐਲ ਦੇ ਉੱਚ ਅਧਿਕਾਰੀ ਨਜ਼ਰ ਆ ਰਹੇ ਹਨ। ਤਸਵੀਰ: ਜੀ.ਐਸ. ਕਾਲੜਾ/ਫਿਰੋਜ਼ਪੁਰ

# ਸਿਹਤ ਬੀਮਾ ਯੋਜਨਾ ਤਹਿਤ ਗਰੀਬ ਪਰਿਵਾਰਾਂ ਦੇ ਕਾਰਡ 24 ਨੂੰ ਬਣਾਏ ਜਾਣਗੇ-ਰਾਜ ਕਮਲ ਚੌਧਰੀ

ਕਪੂਰਥਲਾ, 24 ਫਰਵਰੀ (ਵਧਵਾ)-ਸਿਹਤ ਵਿਭਾਗ ਵੱਲੋਂ ਰਾਜ ਦੇ ਗਰੀਬ ਪਰਿਵਾਰਾਂ ਨੂੰ ਸਿਹਤ ਸੁਰੱਖਿਆ ਮੁਹੱਈਆ ਕਰਨ ਲਈ ਸ਼ੁਰੂ ਕੀਤੀ ਗਈ ਸਿਹਤ ਬੀਮਾ ਯੋਜਨਾ ਤਹਿਤ ਜ਼ਿਲ੍ਹਾ ਕਪੂਰਥਲਾ ਦੇ ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰਾਂ ਦੇ ਕਾਰਡ 24 ਫਰਵਰੀ ਨੂੰ ਬਣਾਏ ਜਾਣਗੇ। ਇਸ ਸਕੀਮ ਤਹਿਤ ਲਾਭ ਹਾਸਲ ਕਰਨ ਲਈ ਸੰਬੰਧਿਤ ਪਰਿਵਾਰਾਂ ਵੱਲੋਂ ਕੇਵਲ 30 ਰੁਪਏ ਅਦਾ ਕਰਨ 'ਤੇ ਉਸ ਪਰਿਵਾਰ ਦੇ 5 ਮੈਂਬਰਾਂ ਲਈ 30 ਹਜ਼ਾਰ ਰੁਪਏ ਤੱਕ ਮੁਫਤ ਇਲਾਜ ਦੀ ਸਹੂਲਤ ਦਿੱਤੀ ਜਾਵੇਗੀ। ਇਹ ਜਾਣਕਾਰੀ ਸ੍ਰੀ ਰਾਜ ਕਮਲ ਚੌਧਰੀ ਡਿਪਟੀ ਕਮਿਸ਼ਨਰ ਕਪੂਰਥਲਾ ਨੇ ਅੱਜ ਯੋਜਨਾ ਭਵਨ ਵਿਖੇ ਸਿਹਤ ਵਿਭਾਗ ਦੀ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ। ਡਾ. ਜਗੀਰ ਸਿੰਘ ਸਿਵਲ ਸਰਜਨ ਕਪੂਰਥਲਾ, ਡਾ. ਬਲਦੇਵ ਰਾਜ ਡਿਪਟੀ ਮੈਡੀਕਲ ਕਮਿਸ਼ਨਰ ਕਪੂਰਥਲਾ, ਜਥੇਦਾਰ ਸੰਤੋਖ ਸਿੰਘ ਮੈਂਬਰ ਸ਼੍ਰੋਮਣੀ ਪ੍ਰਬੰਧਕ ਕਮੇਟੀ, ਸ੍ਰੀ ਹਰਭਜਨ ਸਿੰਘ ਘੁੰਮਣ ਸਮੇਤ ਇਸ ਜ਼ਿਲ੍ਹਾ ਪੱਧਰੀ ਕਮੇਟੀ ਦੇ ਸਰਕਾਰੀ ਅਤੇ ਗੈਰ ਸਰਕਾਰੀ ਮੈਂਬਰ ਇਸ ਮੀਟਿੰਗ ਵਿੱਚ ਹਾਜ਼ਰ ਸਨ। ਸ੍ਰੀ ਰਾਜ ਕਮਲ ਚੌਧਰੀ ਡਿਪਟੀ ਕਮਿਸ਼ਨਰ ਕਪੂਰਥਲਾ ਨੇ ਸਿਹਤ ਬੀਮਾ ਯੋਜਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੀਮ ਨੂੰ ਅਪਨਾਉਣ ਵਾਲੇ ਗਰੀਬੀ ਰੇਖਾ ਤੋਂ ਹੇਠਾਂ ਪਰਿਵਾਰਾਂ ਦੇ ਕਾਰਡ ਬਣਾਉਣ ਲਈ ਫੋਟੋਗ੍ਰਾਫੀ ਦਾ ਕੰਮ ਜ਼ਿਲ੍ਹੇ ਅੰਦਰ ਵੱਖ-ਵੱਖ ਥਾਵਾਂ 'ਤੇ 24 ਫਰਵਰੀ ਨੂੰ ਕੀਤਾ ਜਾ ਰਿਹਾ ਹੈ ਅਤੇ ਸਕੀਮ ਨੂੰ ਅਪਨਾਉਣ ਵਾਲੇ ਪਰਿਵਾਰਾਂ ਨੂੰ ਸਮਾਰਟ ਕਾਰਡ ਦਿੱਤੇ ਜਾਣਗੇ। ਜਿਸ ਆਧਾਰ 'ਤੇ ਇਨ੍ਹਾਂ ਪਰਿਵਾਰਾਂ ਨੂੰ ਸਰਕਾਰੀ ਅਤੇ ਕੁਝ ਚੋਣਵੇਂ ਪ੍ਰਾਈਵੇਟ ਹਸਪਤਾਲਾਂ ਵਿੱਚ ਵਧੀਆ ਇਲਾਜ ਦੀ ਮੁਫਤ ਸਹੂਲਤ ਦਿੱਤੀ ਜਾਵੇਗੀ। ਇਲਾਜ ਲਈ ਦਵਾਈਆਂ ਦੇਣ ਦੀ ਸਾਰੀ ਜ਼ਿੰਮੇਵਾਰੀ ਸਿਹਤ ਵਿਭਾਗ ਦੀ ਹੋਵੇਗੀ। ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਪੱਧਰੀ ਕਮੇਟੀ ਦੇ ਮੈਂਬਰ ਨੂੰ ਕਿਹਾ ਕਿ ਉਹ ਵੱਧ ਤੋਂ ਵੱਧ ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਨੂੰ ਇਸ ਸਕੀਮ ਦੇ ਘੇਰੇ ਵਿੱਚ ਲਿਆਉਣ ਲਈ ਯਤਨ ਕਰਨ।

# ਮੌਜੂਦਾ ਸਰਕਾਰ ਤੋਂ ਹਰ ਵਰਗ ਦੁਖੀ-ਹੀਰੋ

ਫਤਿਹਗੜ੍ਹ ਪੰਜਤੂਰ, 24 ਫਰਵਰੀ (ਸਤਨਾਮ ਅਕਾਲੀਆਂ ਵਾਲਾ)-ਪੰਜਾਬ ਸਰਕਾਰ ਨੂੰ ਵਿੱਤੀ ਸਾਧਨ ਜੁਟਾਉਣ ਲਈ ਬਣਾਈ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਦੀ ਦੋ ਮੈਂਬਰੀ ਕਮੇਟੀ ਵੱਲੋਂ ਵਿੱਤੀ ਰਿਪੋਰਟ ਚੋਣ ਮੈਨੀਫੈਸਟੋ ਦੇ ਉਲਟ ਹੋਣ ਕਾਰਨ ਕਰਕੇ ਪੰਜਾਬ ਦੇ ਗਰੀਬਾਂ, ਦਲਿਤਾਂ, ਕਿਸਾਨਾਂ ਅਤੇ ਹੋਰ ਵਰਗਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਮੌਜੂਦਾ ਸਰਕਾਰ ਤੋਂ ਹਰ ਵਰਗ ਬੁਰੀ ਤਰ੍ਹਾਂ ਦੁਖੀ ਹੈ। ਇਹ ਵਿਚਾਰ ਸੀਨੀਅਰ ਕਾਂਗਰਸੀ ਆਗੂ ਹਰਪ੍ਰੀਤ ਸਿੰਘ ਹੀਰੋ ਨੇ ਪੱਤਰਕਾਰ ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਜਿੱਥੇ ਬੱਸਾਂ ਦੇ ਕਿਰਾਏ ਵਿੱਚ ਵਾਧਾ ਕਰਕੇ ਗਰੀਬ ਅਤੇ ਆਮ ਵਰਗਾਂ 'ਤੇ ਨਵਾਂ ਬੋਝ ਹੈ, ਉਥੇ ਬਾਦਲ ਪਰਿਵਾਰ ਦੀਆਂ ਚੱਲਦੀਆਂ 800 ਬੱਸਾਂ ਨੂੰ ਫਾਇਦਾ ਹੋਇਆ ਹੈ। ਗਰੀਬਾਂ ਅਤੇ ਕਿਸਾਨਾਂ ਦੀ ਹਿਤੈਸ਼ੀ ਕਹਾਉਣ ਵਾਲੀ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿੱਚ ਗਰੀਬਾਂ ਅਤੇ ਕਿਸਾਨਾਂ 'ਤੇ ਹੀ ਬੋਝ ਪਾਇਆ ਜਾ ਰਿਹਾ ਹੈ, ਕਿਉਂਕਿ ਕਿਸਾਨਾਂ ਬਿਜਲੀ ਬਿੱਲ ਅਤੇ ਕਾਂਗਰਸ ਸਰਕਾਰ ਹੁੰਦਿਆਂ ਗਰੀਬ ਵਰਗ 200 ਯੂਨਿਟ ਬਿਜਲੀ ਮੁਆਫ ਕੀਤਾ ਹੋਇਆ ਸੀ, ਇਸ ਮੌਜੂਦਾ ਸਰਕਾਰ ਨੇ 100 ਯੂਨਿਟ ਬਿਜਲੀ ਦਾ ਗਰੀਬ ਲੋਕਾਂ ਨੂੰ ਬਿੱਲ ਲਾਗੂ ਕਰ ਦਿੱਤਾ ਹੈ। ਇਸ ਮੌਕੇ ਸਵਰਨ ਸਿੰਘ ਗਿੱਲ, ਸਰਪੰਚ ਜਸਵਿੰਦਰ ਸਿੰਘ ਤਖਤੂਵਾਲਾ ਯੂਥ ਕਾਂਗਰਸੀ ਆਗੂ, ਬੇਅੰਤ ਸਿੰਘ ਬਿੱਟੂ, ਸੈਦ ਮੁਹੰਮਦ ਸਰਪੰਚ ਰਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਭਰੂਣ ਹੱਤਿਆ ਸਮਾਜ ਦੇ ਮੱਥੇ 'ਤੇ ਕਲੰਕ-ਸਾਧੂ ਸਿੰਘ

ਫਤਿਹਗੜ੍ਹ ਪੰਜਤੂਰ, 24 ਫਰਵਰੀ (ਸਤਨਾਮ ਅਕਾਲੀਆਂ ਵਾਲਾ)-ਪੰਜਾਬ ਗੁਰੂਆਂ, ਪੀਰਾਂ, ਸੂਰਬੀਰਾਂ ਤੇ ਯੋਧਿਆਂ ਦੀ ਧਰਤੀ ਹੈ, ਜਿੱਥੇ ਪ੍ਰਮਾਤਮਾ ਕਣ-ਕਣ ਵਿੱਚ ਵੱਸਦਾ ਹੈ। ਉਥੇ ਅੱਜ ਔਰਤ ਨਾਲ ਮਹਾਂ ਅਨਿਆਂ ਹੋ ਰਿਹਾ ਹੈ। ਭਾਵੇਂ ਔਰਤ ਦੀ ਕੁੱਖੋਂ ਮਹਾਨ ਯੋਧਿਆਂ ਅਤੇ ਤਪੱਸਵੀਆਂ ਨੇ ਜਨਮ ਲਿਆ, ਪ੍ਰੰਤੂ ਫਿਰ ਵੀ ਉਸ ਨੂੰ ਪੈਰ ਦੀ ਜੁੱਤੀ ਸਮਝਿਆ ਗਿਆ ਅਤੇ ਸਮਝਿਆ ਜਾ ਰਿਹਾ ਹੈ। ਇਹ ਵਿਚਾਰ ਸਾਧੂ ਸਿੰਘ ਮੰਦਰ ਸਾਬਕਾ ਚੇਅਰਮੈਨ ਅਤੇ ਪ੍ਰਧਾਨ ਬਾਬਾ ਜੀਵਨ ਸਿੰਘ ਜ਼ਿਲ੍ਹਾ ਮੋਗਾ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਵਰਗੀ ਨਾਮੁਰਾਦ ਬਿਮਾਰੀ ਸਮਾਜ ਦੇ ਮੱਥੇ 'ਤੇ ਸਭ ਤੋਂ ਵੱਡਾ ਕਲੰਕ ਹੈ। ਉਨ੍ਹਾਂ ਕਿਹਾ ਕਿ ਲੜਕਿਆਂ ਪਿੱਛੇ ਲੜਕੀਆਂ ਦੀ ਘੱਟ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਭਾਵੇਂ ਭਰੂਣ ਹੱਤਿਆ ਬਾਰੇ ਕਈ ਕਾਨੂੰਨ ਲਾਗੂ ਕੀਤੇ ਗਏ ਹਨ, ਪਰ ਫਿਰ ਵੀ ਇਸ ਬਾਰੇ ਕਈ ਮਾਮਲੇ ਸਾਹਮਣੇ ਆਉਂਦੇ ਹਨ। ਹਰ ਰੋਜ਼ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਔਰਤ ਨਾਲ ਹੋ ਰਹੇ ਤਸ਼ੱਦਦ ਦਾ ਜ਼ਿਕਰ ਪੜ੍ਹਨ ਨੂੰ ਮਿਲਦਾ ਹੈ। ਉਨ੍ਹਾਂ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਭਰੂਣ ਹੱਤਿਆ ਦਾ ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਸ ਸਮਾਜ ਦਾ ਅੰਤ ਹੋ ਜਾਵੇਗਾ। ਉਨ੍ਹਾਂ ਦਾਜ ਦੇ ਲੋਭੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਜੇਕਰ ਦਾਜ ਦੇ ਲੋਭੀਆਂ ਨੂੰ ਸਰਕਾਰ ਸਖਤ ਤੋਂ ਸਖਤ ਸਜ਼ਾਵਾਂ ਦੇਵੇ ਤਾਂ ਜੋ ਫੇਰੀ ਕੋਈ ਇਸ ਗਲਤੀ ਨੂੰ ਨਾ ਦੁਹਰਾਏ ਤਾਂ ਇਸ ਕਲੰਕ ਤੋਂ ਨਿਜ਼ਾਤ ਮਿਲ ਸਕਦੀ ਹੈ ਅਤੇ ਹਰ ਇੱਕ ਇਸਤਰੀ ਆਪਣਾ ਸਿਰ ਉੱਚਾ ਕਰਕੇ ਜੀਅ ਸਕਦੀ ਹੈ।

# ਅਮਰੀਕਨ ਕੰਪਨੀ ਆਈ.ਬੀ.ਐਮ. ਵਲੋਂ ਲਾਂਡਰਾਂ ਕੈਂਪਸ ਵਿਖੇ ਪਲੇਸਮੈਂਟ ਕੈਂਪ 27 ਨੂੰ

ਮੋਹਾਲੀ, 24 ਫਰਵਰੀ (ਵੀਨਾ ਰਾਜਪੂਤ) ਅਮਰੀਕਨ ਸਾਫਟਵੇਅਰ ਕੰਪਨੀ ਆਈ.ਬੀ.ਐਮ. ਵਲੋਂ 27 ਅਤੇ 28 ਫਰਵਰੀ ਨੂੰ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਦੇ ਲਾਂਡਰਾਂ ਕੈਂਪਸ ਵਿਚ ਸੰਯੁਕਤ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਇਸ ਦੌਰਾਨ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਵੱਖ ਵੱਖ ਵਿਦਿਅਕ ਆਦਰਿਆਂ ਦੇ ਸੈਂਕੜੇ ਵਿਦਿਆਰਥੀ ਆਪਣੀ ਕਿਸਮਤ ਅਜ਼ਮਾਉਣਗੇ। ਇਹ ਜਾਣਕਾਰੀ ਦਿੰਦਿਆਂ ਚੰਡੀਗੜ੍ਹ ਗਰੁੱਪ ਆਫ ਕਾਲਜਿਜ਼ ਲਾਂਡਰਾਂ ਅਤੇ ਘੜੂੰਆਂ ਦੇ ਚੇਅਰਮੈਨ ਸ. ਸਤਨਾਮ ਸਿੰਘ ਸੰਧੂ ਅਤੇ ਪ੍ਰੈਜ਼ੀਡੈਂਟ ਸ. ਰਸ਼ਪਾਲ ਸਿੰਘ ਧਾਲੀਵਾਲ ਨੇ ਦੱਸਿਆ ਕਿ ਅਮਰੀਕਨ ਮੂਲ ਦੀ ਕੰਪਨੀ ਵਲੋਂ ਕੀਤੀ ਜਾ ਰਹੀ ਇਸ ਸੰਯੁਕਤ ਭਰਤੀ ਪ੍ਰਕਿਰਿਆ ਵਿਚ 2008 ਅਤੇ 2009 ਬੈਚ ਦੇ ਇੰਜੀਨੀਅਰਿੰਗ, ਬਿਜ਼ਨਸ ਮੈਨੇਜਮੈਂਟ, ਕੰਪਿਊਟਰ ਐਪਲੀਕੇਸ਼ਨ, ਬੀ.ਕਾਮ, ਬੀ.ਏ., ਹੋਟਲ ਮੈਨੇਜਮੈਂਟ ਅਤੇ ਡਿਪਲੋਮਾ ਹੋਲਡਰ ਵਿਦਿਆਰਥੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਈ.ਬੀ.ਐਮ. ਕੰਪਨੀ ਦੀ ਇਸ ਭਰਤੀ ਪ੍ਰਕਿਰਿਆ ਵਾਸਤੇ ਵਿਦਿਆਰਥੀਆਂ ਦੀ ਆਨ ਲਾਈਨ ਰਜਿਸ਼ਟਰੇਸ਼ਨ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਹਿੱਸਾ ਲੈਣ ਦੇ ਚਾਹਵਾਨ ਵਿਦਿਆਰਥੀ ਕਾਲਜ ਦੀ ਵੈਬਸਾਈਟ ਡਬਲਿਊ ਡਬਲਿਊ ਡਬਲਿਊ ਡਾਟ ਸੀ.ਜੀ.ਸੀ. ਡਾਟ ਈ.ਡੀ.ਯੂ. ਡਾਟ ਇਨ (www.cgc.edu.in) ਤੇ ਆਪਣੀ ਰਜਿਸ਼ਟਰੇਸ਼ਨ ਕਰਵਾ ਸਕਦੇ ਹਨ। ਇਹ ਭਰਤੀ ਪ੍ਰਕਿਰਿਆ 27 ਫਰਵਰੀ ਨੂੰ ਸਵੇਰੇ 9 ਵਜੇ ਸ਼ੁਰੂ ਹੋ ਜਾਵੇਗੀ। ਇਸ ਸਬੰਧੀ ਵਿਦਿਆਰਥੀ ਮੌਕੇ ਤੇ ਵੀ ਆਪਣੀ ਰਜਿਸ਼ਟਰੇਸ਼ਨ ਕਰਵਾ ਸਕਦੇ ਹਨ। ਪ੍ਰਬੰਧਕਾਂ ਆਖਿਆ ਕਿ ਆਈ.ਬੀ.ਐਮ. ਸਾਫਟਵੇਅਰ ਖੇਤਰ ਦੀ ਦੁਨੀਆਂ ਭਰ ਵਿਚੋਂ ਲੀਡਰ ਕੰਪਨੀ ਹੈ ਅਤੇ ਇਸ ਵਿਚ ਚੁਣੇ ਜਾਣ ਵਾਲੇ ਵਿਦਿਆਰਥੀਆਂ ਦਾ ਭਵਿੱਖ ਸੁਨਹਿਰਾ ਹੋਵੇਗਾ।

# ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ ਵੱਲੋ ਏ.ਸੀ.ਪੀ. ਦੇ ਕੇਸ ਮੁਕੰਮਲ ਕਰਨ ਤੇ ਡੀ.ਈ.ਓ ਸਕੈਂਡਰੀ ਲੁਧਿਆਣਾ ਦੀ ਸ਼ਲਾਘਾ

ਕੁਹਾੜਾ 24 ਫ਼ਰਵਰੀ (ਗੁਰਨਾਮ) ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ ਬਲਾਕ ਮਾਂਗਟ +3 ਦੀ ਮਹੀਨਾਂਵਾਰ ਮੀਟਿੰਗ ਪ੍ਰਧਾਨ ਰੁਪਿੰਦਰਪਾਲ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਕੁਹਾੜਾ ਵਿਖੇ ਹੋਈ। ਜਿਸ ਵਿੱਚ ਅਮਿਤ ਕੁਮਾਰ, ਜਗਜੀਤ ਸਿੰਘ ਮਾਨ, ਰਜਿੰਦਰ ਸਿੰਘ, ਰਜਿੰਦਰ ਜੰਡਿਆਲੀ, ਧਰਮਜੀਤ ਸਿੰਘ ਮਾਨ, ਰਜਿੰਦਰ ਸਿੰਘ, ਸ: ਗੁਰਮੇਲ ਸਿੰਘ ਅਧਿਆਪਕ ਆਗੂ ਸ਼ਾਮਲ ਹੋਏ। ਮੀਟਿੰਗ ਵਿੱਚ ਡੀ.ਈ.ਓ ਸਕੈਂਡਰੀ ਲੁਧਿਆਣਾ ਸ: ਬਚਿੱਤਰ ਸਿੰਘ ਬਰਨ ਜੀ ਵਲੋ 2 ਮਹੀਨਿਆਂ ਵਿੱਚ 3000 ਏ.ਸੀ.ਪੀ. ਦੇ ਕੇਸ ਮੁਕੰਮਲ ਕਰਨ ਦੀ ਪ੍ਰਸ਼ਸਾਂ ਕਰਦਾ ਹੋਏ । ਉਹਨਾਂ ਦਾ ਧੰਨਵਾਦ ਕੀਤਾ ਗਿਆ। ਉਹਨਾ ਤੋ ਆਸ ਪ੍ਰਗਟ ਕੀਤੀ ਗਈ। ਉਹ ਛੇਤੀ ਹੀ ਡੀ.ਈ.ਓ. ਦਫ਼ਤਰ ਦੇ ਕਾਰਜ ਕਰਨ ਦੇ ਢੰਗ ਵਿੱਚ ਹੋਰ ਸੁਧਾਰ ਕਰਨਗੇ। ਸਕੂਲਾਂ ਵਿੱਚ ਪ੍ਰਿੰਸੀਪਲ ਨਿਯੁਕਤ ਕਰਨ ਲਈ ਸਰਕਾਰ ਦੀ ਪ੍ਰਸ਼ੰਸਾ ਕੀਤੀ। ਇਸ ਨਾਲ ਸਕੂਲਾਂ ਦੇ ਕੰਮ ਕਾਜ, ਪੜ੍ਹਾਈ ਵਿੱਚ ਕਾਫ਼ੀ ਸੁਧਾਰ ਆਉਣ ਦੀ ਸੰਭਾਵਨਾ ਹੈ।

ਮੀਟਿੰਗ ਵਿੱਚ ਡੀ.ਈ.ਓ. ਐਲੀਮੈਂਟਰੀ ਦੀ ਇਸ ਗੱਲੋ ਅਲੋਚਨਾ ਕੀਤੀ ਗਈ ਕਿ ਸਕੂਲਾਂ ਵਿੱਚ ਰੈਸੇਲਾਈਜੇਸ਼ਨ ਦੌਰਾਨ ਅਧਿਆਪਕ ਭੇਜਣ ਸਮੇਂ ਪੱਖਪਾਤ ਕੀਤਾ ਗਿਆ ਹੈ। ਜ਼ਿਲ੍ਹੇ ਵਿੱਚ ਦਰਜਨਾਂ ਅਜਿਹੇ ਸਕੂਲ ਹਨ ਜਿਥੇ ਬੱਚਿਆਂ ਦੀ ਗਿਣਤੀ ਕਾਫੀ ਵੱਧ ਹੈ। ਪਰ ਅਧਿਆਪਕ ਘੱਟ ਹਨ ਜਿਵੇਂ ਕਿ ਉਦਾਹਰਣ ਦੇ ਤੌਰ ਤੇ ਸਰਕਾਰੀ ਪ੍ਰਾਇਮਰੀ ਸਕੂਲ ਰਾਮਗੜ੍ਹ ਬਲਾਕ ਲੁਧਿਆਣਾ+1 ਸਕੂਲ ਵਿੱਚ 30.9.2009 ਦੇ ਗੋਸਵਾਰੇ ਅਨੁਸਾਰ ਵਿਦਿਆਰਥੀਆਂ ਦੀ ਗਿਣਤੀ ਲਗਪਗ 165 ਹੈ। ਪਰ ਉਸ ਸਕੂਲ ਵਿੱਚ ਅਧਿਆਪਕਾਂ ਦੀ ਗਿਣਤੀ 2 ਹੀ ਹੈ। ਰੈਸੇਲਾਈਜੇਸ਼ਨ ਦੌਰਾਨ ਉਥੇ ਕੋਈ ਵੀ ਅਧਿਆਪਕ ਨਹੀ ਭੇਜਿਆ ਗਿਆ। ਜਿਸ ਕਾਰਨ ਅਧਿਆਪਕਾਂ ਨੂੰ ਸਕੂਲ ਦਾ ਪ੍ਰਬੰਧ ਚਲਾਉਣ ਅਤੇ ਪੜ੍ਹਾਈ ਕਰਾਉਣ ਵਿੱਚ ਕਾਫੀ ਮੁਸ਼ਕਿਲ ਆ ਰਹੀ ਹੈ। ਆਗੂਆਂ ਨੇ ਸਰਕਾਰ ਤੋ ਮੰਗ ਕੀਤੀ ਕਿ ਰੈਸੇਲਾਈਜੇਸ਼ਨ ਦੌਰਾਨ ਰਹਿ ਗਈ ਇਹਨਾਂ ਤਰੁਟੀਆਂ ਨੂੰ ਤੁਰੰਤ ਦੂਰ ਕੀਤਾ ਜਾਵੇ ਤੇ ਅਜਿਹੇ ਸਕੂਲਾਂ ਵਿੱਚ ਪੜ੍ਹਾਈ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ। ਮੀਟਿੰਗ ਦੌਰਾਨ ਐਲੀਮੈਂਟਰੀ ਟੀਚਰ ਯੂਨੀਅਨ ਵਲੋ ਚਲਾਏ ਜਾ ਰਹੇ ਸੰਘਰਸ਼ ਦੀ ਹਮਾਇਤ ਤਨ,ਮਨ,ਧਨ, ਨਾਲ ਕਰਨ ਦਾ ਐਲਾਨ ਕੀਤਾ ਗਿਆ। ਲੰਬੀ ਰੈਲੀ ਰੋਕਣ ਲਈ ਪੰਜਾਬ ਸਰਕਾਰ ਵਲੋ ਡੀ.ਟੀ.ਓ. ਰਾਹੀਂ ਬੱਸਾਂ, ਟਰੱਕਾਂ, ਉੱਤੇ ਲੰਬੀ ਜਾਣ ਤੇ ਰੋਕ ਲਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਸਰਕਾਰ ਦੇ ਇਸ ਕਦਮ ਨੂੰ ਜਮੂਹਰੀਅਤ ਦਾ ਕਤਲ ਕਿਹਾ ਗਿਆ। ਜ਼ਿਲ੍ਹੇ ਦੇ ਸੈਕੜੇ ਸਕੂਲਾਂਦੇ ਹਜਾਰਾਂ ਅਧਿਆਪਕਾਂ ਨੂੰ ਦਸੰਬਰ 2009 ਤੋ ਸਰਕਾਰ ਵਲੋ ਬਜਟ ਨਾ ਜਾਰੀ ਕਰਨ ਕਾਰਨ ਤਨਖਾਹ ਨਹੀ ਮਿਲੀ। ਕਈ ਸਕੂਲਾਂ ਕੋਲ ਡੀ.ਡੀ.ਓ. ਪਾਵਰਾਂ 28 ਫ਼ਰਵਰੀ ਤੱਕ ਹੀ ਹਨ ਜੇਕਰ ਤਨਖਾਹ ਫ਼ਰਵਰੀ ਤੱਕ ਨਾ ਮਿਲੀ ਤਾਂ ਹੋਰ ਕੁਝ ਮਹੀਨੇ ਬਿਨਾਂ ਤਨਖਾਹ ਤੋ ਫਾਕੇ ਕੱਟਣ ਲਈ ਮਜਬੂਰ ਹੋ ਜਾਣਗੇ। ਇਹਨਾਂ ਮਹੀਨਿਆਂ ਦੌਰਾਨ ਅਧਿਆਪਕਾਂ ਨੇ ਇਨਕਮ ਟੈਕਸ ਦੀਆਂ ਰਿਟਰਨਾਂ ਵੀ ਭਰਨੀਆਂ ਹੁੰਦੀਆਂ ਹਨ ਉਹਨਾਂ ਨੂੰ ਭਰਨ ਵਿੱਚ ਵੀ ਕਾਫ਼ੀ ਮੁਸ਼ਕਲ ਆ ਰਹੀ ਹੈ। ਇਸ ਲਈ ਸਰਕਾਰ ਤੋ ਮੰਗ ਕੀਤੀ ਕਿ ਸਕੂਲਾਂ ਨੂੰ ਬਜੱਟ ਤੁਰੰਤ ਜਾਰੀ ਕੀਤਾ ਜਾਵੇ।

# ਤਾਲਿਬਾਨ ਦੀ ਕਾਰਵਾਈ ਦੀ ਸਖਤ ਨਿੰਦਾ

ਸਮਾਣਾ, 24 ਫਰਵਰੀ (ਸਾਹਿਬ ਸਿੰਘ)-ਗੁਰੂ ਨਾਨਕ ਮਾਰਗ ਸੁਸਾਇਟੀ ਨੇ ਤਾਲਿਬਾਨ ਦੁਆਰਾ ਦੋ ਸਿੱਖਾਂ ਨੂੰ ਕਤਲ ਕੀਤੇ ਜਾਣ ਦੀ ਕਾਰਵਾਈ ਦੀ ਨਿੰਦਿਆ ਕਰਦਿਆਂ ਕਿਹਾ ਹੈ ਕਿ ਇਹ ਇੱਕ ਹਿਰਦੇ-ਵੇਦਕ ਘਟਨਾ ਹੈ, ਜਿਸ ਨੂੰ ਸੁਣ ਕੇ ਇਨਸਾਨੀਅਤ ਕੰਬ ਗਈ ਹੈ। ਸੁਸਇਟੀ ਦੇ ਪ੍ਰਧਾਨ ਭਾਈ ਮਹਿੰਦਰ ਸਿੰਘ ਜੱਸਲ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮਨਮੋਹਨ ਸਿੰਘ ਨੂੰ ਇਸ ਸੰਬੰਧ ਵਿੱਚ ਸਖਤ ਕਦਮ ਚੁੱਕਣੇ ਚਾਹੀਦੇ ਹਨ, ਤਾਂ ਜੋ ਭਵਿੱਖ ਵਿੱਚ ਅਜਿਹੀ ਘਟਨਾ ਵਾਪਰਨ ਤੋਂ ਰੋਕਿਆ ਜਾ ਸਕੇ। ਉਨ੍ਹਾਂ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣ। ਘੱਟ ਗਿਣਤੀਆਂ ਸੰਬੰਧੀ ਵਧ ਰਹੇ ਅੱਤਿਆਚਾਰਾਂ ਤੇ ਚਿੰਤਾ ਪ੍ਰਗਟ ਕਰਦਿਆਂ ਸ੍ਰ. ਜੱਸਲ ਨੇ ਕਿਹਾ ਕਿ ਇਸ ਨਾਲ ਦੁਨੀਆਂ ਦਾ ਢਾਂਚਾ ਹਿੱਲ ਜਾਵੇਗਾ। ਇਸ ਮੌਕੇ ਮੀਤ ਪ੍ਰਧਾਨ ਸਲਵਿੰਦਰ ਸਿੰਘ ਪਾਤੜਾਂ, ਭੁਪਿੰਦਿਰ ਸਿੰਘ ਪਾਤੜਾਂ, ਗੁਰਨੇਕ ਸਿੰਘ ਜੱਸਲ, ਗੁਰਮੇਲ ਸਿੰਘ ਸੱਪਲ, ਸਰਵਨ ਸਿੰਘ ਮਿਆਲਾਂ ਅਤੇ ਸੁਰਜੀਤ ਸਿੰਘ ਵੀ ਹਾਜ਼ਰ ਸਨ। ਇੱਕ ਵੱਖਰੇ ਬਿਆਨ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਦਲ ਪੰਜਾਬ ਦੇ ਪ੍ਰਧਾਨ ਦਲਜੀਤ ਸਿੰਘ ਰਿੰਪਲ ਪੰਜਰਥ ਅਤੇ ਜਨਰਲ ਸਕੱਤਰ ਸ੍ਰ. ਬੇਅੰਤ ਸਿੰਘ ਚੀਮਾ ਨੇ ਤਾਲਿਬਾਨ ਦੀ ਕਾਰਵਾਈ ਨੂੰ ਅਣਮਨੁੱਖੀ ਕਰਾਰ ਦਿੱਤਾ ਹੈ ਅਤੇ ਪਾਕਿਸਤਾਨ ਤੇ ਭਾਰਤ ਸਰਕਾਰ ਨੂੰ ਘੱਟ ਗਿਣਤੀ ਕੌਮਾਂ ਦੀ ਸੁਰੱਖਿਆ ਵਾਸਤੇ ਠੋਸ ਉਪਰਾਲੇ ਕਰਨ ਦੀ ਅਪੀਲ ਕੀਤੀ ਹੈ।

# ਸ਼ਾਹਪੁਰ ਵਿੱਚ ਐੱਨ.ਆਰ.ਆਈ. ਦੇ ਘਰ ਚੋਰੀ

ਸ੍ਰੀ ਹਰਗੋਬਿੰਦ ਪੁਰ 24 ਫਰਵਰੀ (ਕੌਸ਼ਲ ਪੁਰੀ)-ਬੀਤੀ ਰਾਤ ਐੱਨ.ਆਰ.ਆਈ. ਪਿੰਡ ਸ਼ਾਹਪੁਰ ਦੇ ਘਰੋਂ ਲੱਖਾਂ ਰੁਪਏ ਦੇ ਜੇਵਰ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਘਰ ਦੇ ਮਾਲਕ ਬਲਦੇਵ ਸਿੰਘ ਤੇ ਉਸ ਦੀ ਪਤਨੀ ਕੁਲਵੰਤ ਕੌਰ ਸ਼ਾਹਪੁਰ ਨੇ ਦੱਸਿਆ ਕਿ ਉਹ ਕੁਝ ਦਿਨ ਪਹਿਲਾਂ ਹੀ ਇਟਲੀ ਤੋਂ ਵਾਪਸ ਆਏ ਹਨ। ਬੀਤੀ ਰਾਤ ਉਹ ਪਠਾਨਕੋਟ ਵਿਆਹ ਦੇਖਣ ਗਏ, ਜਦ ਵਾਪਸ ਆਏ ਤਾਂ ਦੇਖਿਆ ਘਰ ਦੇ ਜਿੰਦਰੇ ਟੁੱਟੇ ਹੋਏ ਸਨ। ਚੋਰਾਂ ਨੇ ਅਲਮਾਰੀ ਭੰਨ ਕੇ 20, 25 ਤੋਲੇ ਸੋਨਾ, 32 ਹਜ਼ਾਰ ਨਗਦ, 11 ਮੁੰਦਰੀਆਂ, ਇੱਕ ਸਟੀਰੀਓ, ਮੋਟਰ ਸਾਈਕਲ ਬਜਾਜ ਪੈਸ਼ਨ, 3 ਸੋਨੇ ਦੀਆਂ ਚੈਨੀਆਂ, 2 ਘੜੀਆਂ, ਕੱਪੜੇ ਵਾਲੇ ਅਟੈਚੀ ਚੋਰ ਚੋਰੀ ਕਰਕੇ ਲੈ ਗਏ। ਜਿਸ ਦੀ ਕੀਮਤ ਲੱਗਭੱਗ 7.30 ਲੱਖ ਰੁਪਏ ਬਣਦੀ ਹੈ। ਮੋਟਰ ਸਾਈਕਲ ਅੱਤੇਪੁਰ ਦੇ ਪੁਲ ਨਹਿਰ ਤੋਂ ਪੁਲਸ ਨੇ ਬਰਾਮਦ ਕੀਤਾ। ਪਰਿਵਾਰ ਵੱਲੋਂ ਥਾਣਾ ਘੁੰਮਾਣ ਦੀ ਪੁਲਿਸ ਨੂੰ ਲਿਖਤ ਰੂਪ ਵਿੱਚ ਦੱਸ ਦਿੱਤਾ। ਚੋਰ ਘਰ ਬਹਿ ਕੇ ਸ਼ਰਾਬ ਵੀ ਪੀਂਦੇ ਰਹੇ। ਖਾਲੀ ਬੋਤਲਾਂ ਘਰੋਂ ਮਿਲੀਆਂ। ਥਾਣਾ ਮੁਖੀ ਸੁਖਬੀਰ ਨੇ ਦੱਸਿਆ ਕਿ ਚੋਰ ਜਲਦ ਹੀ ਕਾਬੂ ਕਰ ਲਏ ਜਾਣਗੇ।

# ਅਕਾਲੀ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ-ਰਾਜਾਵਾਲਾ

ਫਤਿਹਗੜ੍ਹ ਪੰਜਤੂਰ, 24 ਫਰਵਰੀ (ਸਤਨਾਮ ਅਕਾਲੀਆਂ ਵਾਲਾ)-ਪੰਜਾਬ ਦੇ ਸਮੁੱਚੇ ਲੋਕਾਂ ਦੀ ਤਰਜਮਾਨੀ ਕਰਨ ਵਾਲੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਸਮੁੱਚੇ ਪੰਜਾਬ ਦਾ ਵਿਕਾਸ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਜਿਸ ਤੋਂ ਪ੍ਰਭਾਵਿਤ ਹੋ ਕੇ ਲੋਕ ਅਕਾਲੀ ਦਲ ਦੀਆਂ ਨੀਤੀਆਂ ਅਪਣਾ ਕੇ ਅਕਾਲੀ ਦਲ ਦੇ ਝੰਡੇ ਹੇਠ ਲਾਮਬੰਦ ਹੋ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸੀਨੀਅਰ ਅਕਾਲੀ ਆਗੂ ਮੁਖਤਿਆਰ ਸਿੰਘ ਰਾਜਾਵਾਲਾ ਮੈਂਬਰ ਨਗਰ ਕੌਂਸਲ ਨੇ ਪੱਤਰਕਾਰਾਂ ਨਾਲ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਪੰਜਾਬ ਨੂੰ ਹਰ ਪੱਖੋਂ ਖੁਸ਼ਹਾਲ ਬਣਾਉਣ ਲਈ ਪੰਜਾਬ ਵਿੱਚ ਹਰ ਤਰ੍ਹਾਂ ਦੇ ਉਦਯੋਗ ਦਾ ਬੜੀ ਤੇਜ਼ੀ ਨਾਲ ਨਿਰਮਾਣ ਕਰ ਰਹੀ ਹੈ। ਜਿਸ ਨਾਲ ਪੰਜਾਬ ਦੇ ਹਜ਼ਾਰਾਂ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਗਰੀਬਾਂ ਅਤੇ ਹਰ ਵਰਗ ਨੂੰ ਆ ਰਹੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਸਮੇਂ ਉਨ੍ਹਾਂ ਨਾਲ ਸਰਪੰਚ ਮੁਖਤਿਆਰ ਸਿੰਘ ਮੰਦਰ, ਦਰਸ਼ਨ ਸਿੰਘ ਗਊਵਾਲਾ, ਪਰਮਜੀਤ ਸਿੰਘ, ਬਲਵਿੰਦਰ ਸਿੰਘ ਅਕਾਲੀਆਂ ਵਾਲਾ, ਮੁਖਤਿਆਰ ਸਿੰਘ ਆਦਿ ਹਾਜ਼ਰ ਸਨ।

# ਕਣਕ ਦੀ ਫਸਲ ਨੂੰ ਨੁਕਸਾਨ ਹੋਣ ਦਾ ਖਦਸ਼ਾ

ਮੂਨਕ, 24 ਫਰਵਰੀ (ਚਰਨਜੀਤ ਕੌਰ)-ਇਸ ਖੇਤਰ ਵਿੱਚ ਰਾਤ ਸਮੇਂ ਪਈ ਹਲਕੀ ਬਾਰਸ਼ ਤੇ ਤੇਜ਼ ਚੱਲੀ ਹਨੇਰੀ ਕਾਰਨ ਕਣਕ ਦੀਆਂ ਫਸਲਾਂ ਆਪਣੇ ਵਜ਼ਨ ਨਾਲ ਧਰਤੀ 'ਤੇ ਵਿਛ ਗਈਆਂ। ਇਸ ਹਲਕੇ ਦੀ ਕੀਤੇ ਵੱਖ-ਵੱਖ ਪਿੰਡਾਂ ਬੱਲਰਾਂ, ਪਾਪੜਾ, ਦੇਹਲਾਂ ਸੀਤਾ, ਢੀਂਡਸਾ, ਭੁਟਾਲ ਖੁਰਦ, ਹਮੀਰਗੜ੍ਹ ਸਲੇਮਗੜ੍ਹ, ਮਕਰੋੜ ਸਾਹਿਬ, ਸੁਰਜਨ ਭੈਣੀ, ਗਨੋਟਾ, ਕੁਦਨੀ, ਹਾਂਡਾ ਆਦਿ ਦਾ ਦੌਰਾ ਕਰਨ 'ਤੇ ਦੇਖਿਆ ਗਿਆ ਕਿ ਕਣਕ ਦੀਆਂ ਜਿੱਥੇ ਕਿਤੇ ਆਪਣੇ ਵਜ਼ਨ ਨਾਲ ਧਰਤੀ 'ਤੇ ਵਿਛੀਆਂ ਪਈਆਂ ਸਨ। ਭਾਵੇਂ ਇਹ ਹਲਕੀ ਬਾਰਸ਼ ਫਸਲ ਲਈ ਲਾਹੇਵੰਦ ਦੱਸੀ ਜਾਂਦੀ ਹੈ। ਪ੍ਰੰਤੂ ਤੇਜ਼ ਹਵਾ ਨਾਲ ਕਣਕ ਦੀਆਂ ਫਸਲਾਂ ਡਿੱਗਣ ਕਾਰਨ ਇਹ ਨੁਕਸਾਨੀਆਂ ਗਈਆਂ।